**ਗਸ਼ਤੀ ਪੱਤਰ ਨੰ: 7/6/95-5ਪੀਪੀI/4913, ਮਿਤੀ 1 ਮਾਰਚ, 1995 ਵੱਲੋਂ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਵੱਲ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖੀ ਆਦਿ ।**

**ਵਿਸ਼ਾ:** ਪ੍ਰਵੀਨਤਾ ਤਰੱਕੀ ਦੇਣ ਸਬੰਧੀ ਸਪੱਸ਼ਟੀਕਰਨ ।

ਉਪਰੋਕਤ ਵਿਸ਼ੇ ਤੇ ਮੈਨੂੰ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 7/14/88-5ਪੀਪੀ1(2269)/13527, ਮਿਤੀ 1 ਦਸੰਬਰ 1988, ਨੰ: 7/14/88-5ਪੀਪੀI/16200, ਮਿਤੀ 1 ਸਤੰਬਰ, 1989 ਅਤੇ ਨੰ: 7/106/91-5ਪੀਪੀ1/19586, ਮਿਤੀ 20 ਸਤੰਬਰ, 1994 ਦੇ ਹਵਾਲੇ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਕਈਆਂ ਵਿਭਾਗਾਂ ਵਲੋਂ ਇਹ ਸਪਸ਼ਟੀਕਰਨ ਮੰਗਿਆ ਗਿਆ ਹੈ ਦੀ ਆਸਧਾਰਣ ਛੁੱਟੀ (Extra Ordinary Leave) ਦਾ ਸਮਾਂ ਜਾਂ ਮੁਅੱਤਲੀ ਦਾ ਸਮਾਂ ਪ੍ਰਵੀਨਤਾ ਤਰੱਕੀਆਂ ਦੇਣ ਲਈ ਗਿਣਿਆ ਜਾ ਸਕਦਾ ਹੈ/ਗਿਣਿਆ ਜਾਵੇ ਜਾਂ ਨਹੀਂ ।

2. ਇਸ ਮਾਮਲੇ ਤੇ ਵਿਚਾਰ ਕਰਨ ਉਪਰੰਤ ਇਹ ਸਪਸ਼ਟੀਕਰਨ ਦਿੱਤਾ ਜਾਂਦਾ ਹੈ ਕਿ ਜੇਕਰ ਆਸਾਧਾਰਣ ਛੁੱਟੀ/ਬਿਨਾਂ ਤਨਖਾਹ ਛੁੱਟੀ ਦਾ ਸਮਾਂ ਸਮਰੱਥ ਅਧਿਕਾਰੀ ਵਲੋਂ ਪ੍ਰਵਾਨਤ ਹੈ ਅਤੇ ਜਿਸ ਕਾਰਨ ਕਰਮਚਾਰੀ ਦੀ ਆਪਣੀ ਮੂਲ ਸੀਨੀਆਰਤਾ ਤੇ ਕੋਈ ਅਸਰ ਨਹੀਂ ਹੈ, ਤਾਂ ਉਸ ਸੂਰਤ ਵਿੱਚ ਇਹ ਸਮਾਂ ਪ੍ਰਵੀਨਤਾ ਤਰੱਕੀ ਦੇਣ ਲਈ ਗਿਣਿਆ ਜਾਣਾ ਹੈ ਬਸ਼ਰਤੇ ਕਿ ਕਰਮਚਾਰੀ ਬਾਕੀ ਹੋਰ ਸਾਰੇ ਪੱਖਾਂ ਤੋਂ ਪ੍ਰਵੀਨਤਾ ਤਰੱਕੀ ਦੇਣ ਲਈ ਯੋਗ ਪਾਇਆ ਜਾਵੇ/ਜਾਂਦਾ ਹੈ । ਇਸੇ ਤਰ੍ਹਾਂ ਮੁਅੱਤਲੀ ਦੇ ਸਮੇਂ ਨੂੰ ਵੀ ਪ੍ਰਵੀਨਤਾ ਤਰੱਕੀ ਦੇਣ ਲਈ ਗਿਣਿਆ ਜਾਣਾ ਹੈ, ਭਾਵੇ ਕਿ ਮੁਅੱਤਲੀ ਦਾ ਸਮਾਂ ਡਿਊਟੀ ਸਮਾਂ ਮੰਨਿਆ ਜਾਵੇ ਜਾਂ ਨਾ ਮੰਨਿਆ ਜਾਵੇ, ਕਿਉਂਜੋ ਮੁਅੱਤਲੀ ਦੇ ਕਾਰਨ ਕਰਮਚਾਰੀ ਦੀ ਸੀਨੀਆਰਤਾ ਤੇ ਕੋਈ ਅਸਰ ਨਹੀਂ ਪੈਦਾ ਹੈ ਪਰ ਮੁਅੱਤਲੀ ਦੇ ਸਮੇਂ ਨੂੰ ਪ੍ਰਵੀਨਤਾ ਤਰੱਕੀ ਦੇਣ ਲਈ ਗਿਣਨ ਬਾਰੇ ਵਿਚਾਰ ਉਸ ਸਮੇਂ ਹੀ ਕੀਤੀ ਜਾਵੇ, ਜਿਸ ਸਮੇਂ ਕਿ ਮੁਅੱਤਲੀ ਦੇ ਸਮੇਂ ਬਾਰੇ ਸਮਰੱਥ ਅਧਿਕਾਰੀ ਵਲੋਂ ਇਹ ਫੈਸਲਾ ਲਿਆ ਜਾਵੇ ਕਿ ਮੁਅੱਤਲੀ ਦੇ ਸਮੇਂ ਨੂੰ ਡਿਊਟੀ ਸਮਾਂ ਮੰਨਿਆ ਜਾਣਾ ਹੈ ਜਾਂ ਨਹੀਂ ਅਤੇ ਵਿਚਾਰ ਕਰਦੇ ਸਮੇ ਪ੍ਰਵੀਨਤਾ ਤਰੱਕੀ ਤਾਂ ਹੀ ਦਿੱਤੀ ਜਾਵੇ ਜੇਕਰ ਕਰਮਚਾਰੀ ਹੋਰ ਸਾਰੇ ਪੱਖਾਂ ਤੋਂ ਪ੍ਰਵੀਨਤਾ ਤਰੱਕੀ ਦੇਣ ਲਈ ਯੋਗ ਪਾਇਆ ਜਾਵੇ ।

3. ਕਿਰਪਾ ਕਰਕੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

*Copy of Punjab Government circular letter No. 11/15/92-2PPI/5376 dated 13th March, 1995 from the Department of Personnel and Administrative Reforms addressed to all Financial Commissioner & Administrative Secretary to Government of Punjab and all Heads of Departments etc., etc.*

*Subject.*--Priority list of various categories of persons for employment in the State Services Class III and IV posts on compassionate basis Priority Category No. 3 Amendment thereof.

I am directed to invite your attention to the Punjab Government Circular letter No. 11/15/92-2PPI/1613 dated 30th